# ਲੀਸੇਸਟਰ ਦੇ ਹਸਪਤਾਲਾਂ ਵਿੱਚ ਤੁਹਾਡਾ ਸਵਾਗਤ ਹੈ

## ਗੁਪਤਤਾ ਅਤੇ ਮਾਣ

ਹਮੇਸ਼ਾਂ ਸਾਡਾ ਉਦੇਸ਼ ਮਰਦਾਂ ਜਾਂ ਔਰਤਾਂ ਨੂੰ ਸੌਣ ਸੰਬੰਧੀ ਸੁਵਿਧਾ, ਵਾਸ਼ਿੰਗ ਅਤੇ ਟਾਇਲਟ ਦੀਆਂ ਸਹੂਲਤਾਂ ਮੁਹੱਈਆ ਕਰਨਾ ਹੋਵੇਗਾ।

ਵਾਰਡਾਂ ਵਿੱਚ ਜਿੱਥੇ ਦੋਵੇਂ ਮਰਦ ਅਤੇ ਔਰਤ ਮਰੀਜ਼ ਹੁੰਦੇ ਹਨ, ਵੱਖਰਾ ਸੌਣਾ, ਵਾਸ਼ਿੰਗ ਅਤੇ ਟਾਇਲਟ ਸਹੂਲਤਾਂ ਨੂੰ ਸਪੱਸ਼ਟ ਸਾਈਨਪੋਸਟ ਕੀਤਾ ਜਾਵੇਗਾ।

## ਵਾਰਡ ਦੇ ਰੁਟੀਨ

ਹਰੇਕ ਵਾਰਡ ਦਾ ਆਪਣਾ ਰੁਟੀਨ ਹੁੰਦਾ ਹੈ:

### ਵਾਰਡ ਦੇ ਦੌਰੇ

ਤੁਹਾਡਾ ਡਾਕਟਰ ਰੋਜ਼ਾਨਾ ਦੌਰਾ ਕਰੇਗਾ। ਜੇ ਤੁਸੀਂ ਕਿਸੇ ਹੋਰ ਸਮੇਂ ਮੁਲਾਕਾਤ ਚਾਹੁੰਦੇ ਹੋ, ਜਾਂ ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਪਰਿਵਾਰ ਨੂੰ ਚਰਚਾ ਵਿੱਚ ਸ਼ਾਮਲ ਕਰਨ ਲਈ ਟੈਲੀਫੋਨ ਕੀਤਾ ਜਾਵੇ ਤਾਂ ਕਿਰਪਾ ਕਰਕੇ ਡਾਕਟਰ ਜਾਂ ਨਰਸ ਨੂੰ ਕਹੋ।

### ਨਰਸ ਦੀਆਂ ਸ਼ਿਫਟਾਂ

ਤੁਹਾਡੀਆਂ ਨਰਸਾਂ ਸ਼ਿਫਟਾਂ 'ਤੇ ਕੰਮ ਕਰਦੀਆਂ ਹਨ ਅਤੇ ਆਉਣ 'ਤੇ ਤੁਹਾਡੇ ਨਾਲ ਆਪਣੀ ਜਾਣ-ਪਛਾਣ ਕਰਵਾਉਣਗੀਆਂ।

ਤੁਸੀਂ ਵਾਰਡਾਂ ਵਿੱਚ ਨਰਸਿੰਗ ਸਟਾਫ ਨੂੰ ਮੋਬਾਈਲ ਫੋਨਾਂ ਅਤੇ ਆਈਪੈਡਾਂ ਦੀ ਵਰਤੋਂ ਕਰਦੇ ਦੇਖੋਗੇ ਕਿਉਂਕਿ ਉਹ ਨਰਸਿੰਗ ਦੇਖਭਾਲ ਰਿਕਾਰਡਾਂ ਵਿੱਚ ਜਾਣਕਾਰੀ ਦਾਖਲ ਕਰਦੀਆਂ ਹਨ ਜਿਵੇਂ ਕਿ ਬਲੱਡ ਪ੍ਰੈਸ਼ਰ ਅਤੇ ਨਬਜ਼ ਦੀ ਜਾਣਕਾਰੀ।

ਤੁਹਾਡੇ ਹਸਪਤਾਲ ਵਿੱਚ ਹੋਣ ਸਮੇਂ, ਜ਼ਿਆਦਾਤਰ ਸਟਾਫ ਲਾਗ ਨੂੰ ਫੈਲਣ ਤੋਂ ਰੋਕਣ ਅਤੇ ਤੁਹਾਨੂੰ ਸੁਰੱਖਿਅਤ ਰੱਖਣ ਲਈ ਕੁਝ ਸੁਰੱਖਿਅਕ ਕੱਪੜੇ ਪਹਿਨੇਗਾ। ਇਹ ਮਾਸਕ ਅਤੇ ਪਲਾਸਟਿਕ ਦਾ ਏਪ੍ਰਨ ਜਾਂ ਖੇਤਰ 'ਤੇ ਨਿਰਭਰ ਕਰਦਿਆਂ 'ਪੂਰੇ' ਸੁਰੱਖਿਅਕ ਕਪੜੇ ਹੋ ਸਕਦੇ ਹਨ। ਪੂਰੇ ਸੁਰੱਖਿਅਕ ਕੱਪੜੇ ਚੇਤਾਵਨੀ ਦਿੰਦੇ ਲੱਗ ਸਕਦੇ ਹਨ ਕਿਉਂਕਿ ਵਿਅਕਤੀ ਦੇ ਚਿਹਰੇ ਦਾ ਜ਼ਿਆਦਾ ਹਿੱਸਾ ਮਾਸਕ / ਹੁੱਡ ਜਾਂ ਵਾਈਜ਼ਰ / ਗੌਗਲਜ਼ ਰਾਹੀਂ ਢਕਿਆ ਹੁੰਦਾ ਹੈ। ਕਿਰਪਾ ਕਰਕੇ ਇਸ ਦੀ ਚਿੰਤਾ ਨਾ ਕਰੋ ਅਤੇ ਆਮ ਵਾਂਗ ਸਟਾਫ ਨਾਲ ਗੱਲਬਾਤ ਕਰਨਾ ਅਤੇ ਸਵਾਲ ਪੁੱਛਣਾ ਜਾਰੀ ਰੱਖੋ।

ਜੇ ਤੁਹਾਨੂੰ ਸੁਣਨ ਵਿੱਚ ਮੁਸ਼ਕਲ ਆਉਂਦੀ ਹੈ ਅਤੇ ਜੇ ਤੁਸੀਂ ਬੁਲ੍ਹ ਪੜਣ 'ਤੇ ਨਿਰਭਰ ਹੋ, ਤਾਂ ਕਿਰਪਾ ਕਰਕੇ ਇਸ ਬਾਰੇ ਸਟਾਫ ਨੂੰ ਦੱਸੋ ਤਾਂ ਜੋ ਉਹ ਤੁਹਾਡੇ ਨਾਲ ਗੱਲ ਕਰਨ ਦੇ ਤਰੀਕੇ ਵਿੱਚ ਬਦਲਾਅ ਕਰ ਸਕਣ।

## ਮੁਲਾਕਾਤੀ ਅਤੇ ਦੇਖਭਾਲਕਰਤਾ

COVID-19 ਕਾਰਨ, ਸਾਡੇ ਹਸਪਤਾਲਾਂ ਵਿੱਚ ਇਸ ਸਮੇਂ ਮੁਲਾਕਾਤ ਕਰਨ ਤੇ ਪਾਬੰਦੀ ਹੈ। ਅਜਿਹਾ ਮਰੀਜ਼ਾਂ, ਪਰਿਵਾਰਾਂ, ਦੇਖਭਾਲ ਕਰਨ ਵਾਲਿਆਂ ਅਤੇ ਸਟਾਫ ਨੂੰ ਸੁਰੱਖਿਅਤ ਰੱਖਣ ਅਤੇ ਵਾਇਰਸ ਨੂੰ ਫੈਲਣ ਤੋਂ ਰੋਕਣ ਵਿੱਚ ਸਹਾਇਤਾ ਲਈ ਹੁੰਦਾ ਹੈ। ਇਹ ਬਹੁਤ ਸਾਰੇ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਬਹੁਤ ਮੁਸ਼ਕਲ ਹੋ ਸਕਦਾ ਹੈ। ਅਸੀਂ ਬਹੁਤ ਸਾਰੇ ਤਰੀਕਿਆਂ ਰਾਹੀਂ ਤੁਹਾਨੂੰ ਸੰਪਰਕ ਵਿੱਚ ਰੱਖਣ ਵਿਚ ਮਦਦ ਕਰਨ ਲਈ ਕੋਸ਼ਿਸ਼ ਕਰ ਰਹੇ ਹਾਂ। ਜੇ ਤੁਹਾਡੇ ਕੋਲ ਆਪਣੀ ਖੁਦ ਦੀ ਨਿੱਜੀ ਡਿਵਾਈਸ (ਟੈਬਲੇਟ ਜਾਂ ਫੋਨ) ਹੈ, ਤਾਂ ਤੁਸੀਂ ਅਜ਼ੀਜ਼ਾਂ ਨਾਲ ਸੰਪਰਕ ਵਿੱਚ ਰਹਿਣ ਲਈ ਇਸ ਦੀ ਵਰਤੋਂ ਕਰ ਸਕਦੇ ਹੋ। ਸਾਡੇ ਕੇਂਦਰਾਂ ਵਿੱਚ ਮੋਬਾਈਲ ਰਿਸੈਪਸ਼ਨ ਵਧੀਆ ਹੈ; ਕਿਉਂਕਿ ਇੱਥੇ ਮੁਫਤ ਵਾਈ-ਫਾਈ ਕਵਰੇਜ ਹੈ। ਜੇ ਇਹ ਕੁਝ ਅਜਿਹਾ ਹੈ ਜੋ ਤੁਸੀਂ ਮਦਦਗਾਰ ਪਾ ਸਕਦੇ ਹੋ ਤਾਂ ਡਾਕਟਰ, ਨਰਸਾਂ ਅਤੇ ਥੈਰੇਪਿਸਟ ਨਿਯਮਿਤ ਤੌਰ 'ਤੇ ਤੁਹਾਡੇ ਪਰਿਵਾਰ ਨਾਲ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਸੰਪਰਕ ਕੀਤੇ ਜਾਣ ਲਈ ਇੱਕੋ ਪਰਿਵਾਰਕ ਸਦੱਸ ਨੂੰ ਨਾਮਜ਼ਦ ਕਰੋ ਜੋ ਫਿਰ ਕਿਸੇ ਵੀ ਵਿਸਤ੍ਰਿਤ ਪਰਿਵਾਰ ਜਾਂ ਦੋਸਤਾਂ ਨੂੰ ਸੂਚਿਤ ਕਰ ਸਕਦਾ ਹੈ।

ਕਈ ਵਾਰਡਾਂ ਵਿੱਚ ਆਈਪੈਡਜ਼ ਵੀ ਹੁੰਦੇ ਹਨ ਜੋ ਸਾਡੇ ਵਾਰਡ ਦੇ ਸਟਾਫ ਦੀ ਮਦਦ ਨਾਲ ਨਾਮਜ਼ਦ ਰਿਸ਼ਤੇਦਾਰ ਨਾਲ ਵੀਡੀਓ ਕਾਲਾਂ ਕਰਾਉਂਦੇ ਹਨ। ਇਸ ਸੇਵਾ ਦੀ ਵਰਤੋਂ ਕਰਨ ਲਈ ਕਿਰਪਾ ਕਰਕੇ ਕਿਸੇ ਨਰਸਿੰਗ ਸਟਾਫ ਨਾਲ ਗੱਲ ਕਰੋ।

ਥੋੜੇ ਜਿਹੇ ਮਾਮਲਿਆਂ ਵਿੱਚ ਤੁਹਾਡੇ ਦੇਖਭਾਲਕਰਤਾ ਜਾਂ ਪਰਿਵਾਰ ਦੇ ਸਦੱਸ ਲਈ ਆਉਣਾ ਉਚਿਤ ਹੋ ਸਕਦਾ ਹੈ। ਇਹ ਇੱਕ ਵਿਅਕਤੀਗਤ ਜ਼ਰੂਰਤਾਂ ਦੇ ਅਧਾਰ 'ਤੇ ਤੈਅ ਕੀਤਾ ਜਾਵੇਗਾ। ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਜੋਖਮਾਂ 'ਤੇ ਸਲਾਹ ਲਈ ਕਿਰਪਾ ਕਰਕੇ ਮੈਡੀਕਲ ਟੀਮ ਨਾਲ ਗੱਲ ਕਰੋ।

## ਭੋਜਨ ਅਤੇ ਖਾਣੇ ਦੇ ਸਮੇਂ

ਹੋਸਟੇਸ ਤੁਹਾਡੇ ਭੋਜਨਾਂ ਦੀ ਚੋਣ ਕਰਨ ਵਿੱਚ ਤੁਹਾਡੀ ਸਹਾਇਤਾ ਕਰਨ ਲਈ ਦਿਨ ਭਰ ਦੌਰੇ ਕਰਦੀਆਂ ਹਨ। ਤੁਹਾਡੇ ਕੋਲ ਉਪਲਬਧ ਪਕਵਾਨਾਂ ਦੀ ਸ਼੍ਰੇਣੀ ਦਰਸਾਉਂਦਾ ਇੱਕ ਲੰਚ ਅਤੇ ਸੱਪਰ ਦਾ ਇਕ ਕਾਗਜ਼ੀ ਮੀਨੂੰ ਹੋਣਾ ਚਾਹੀਦਾ ਹੈ। ਜੇ ਤੁਹਾਡੀਆਂ ਖੁਰਾਕ ਸੰਬੰਧੀ ਕੋਈ ਖਾਸ ਜ਼ਰੂਰਤਾਂ ਹਨ, ਤਾਂ ਕਿਰਪਾ ਕਰਕੇ ਹੋਸਟੇਸ ਅਤੇ ਵਾਰਡ ਸਟਾਫ ਨੂੰ ਦੱਸੋ, ਕਿਉਂਕਿ ਵਾਧੂ ਮੀਨੂੰ ਉਪਲਬਧ ਹਨ। ਜੇ ਤੁਹਾਨੂੰ ਘੱਟ ਭੁੱਖ ਹੈ ਤਾਂ ਮੀਨੂੰ ਵਿੱਚ ਇੱਕ ਘੱਟ ਮਾਤਰਾ ਵਾਲਾ ਜ਼ਿਆਦਾ ਊਰਜਾ ਵਾਲੇ ਭੋਜਨ ਦਾ ਭਾਗ ਹੈ।

ਤੁਹਾਨੂੰ ਡਾਕਟਰੀ ਕਾਰਨਾਂ ਕਰਕੇ ਸੀਮਤ ਖੁਰਾਕ ਦੀ ਪਾਲਣਾ ਕਰਨ ਦੀ ਸਲਾਹ ਵੀ ਦਿੱਤੀ ਜਾ ਸਕਦੀ ਹੈ।

ਜੇ ਤੁਹਾਨੂੰ ਆਰਡਰਿੰਗ ਪ੍ਰਣਾਲੀ ਮੁਸ਼ਕਲ ਲੱਗਦੀ ਹੈ ਤਾਂ ਹੋਸਟੇਸ ਲਈ ਤਿਆਰ ਕਰਨ ਲਈ ਤੁਹਾਨੂੰ ਇੱਕ ਰੋਜ਼ਾਨਾ ਦਾ ਭੋਜਨ ਯੋਜਨਾਕਾਰ ਮੁਹੱਈਆ ਕੀਤਾ ਜਾ ਸਕਦਾ ਹੈ। ਜੇ ਤੁਹਾਨੂੰ ਖਾਣੇ ਦੇ ਸਮਿਆਂ ਵਿੱਚ ਸਹਾਇਤਾ ਦੀ ਲੋੜ ਹੈ, ਤਾਂ ਇਸ ਨੂੰ ਦਿਖਾਉਣ ਲਈ ਤੁਹਾਨੂੰ ਇੱਕ ਲਾਲ ਟਰੇ 'ਤੇ ਤੁਹਾਡੇ ਭੋਜਨ ਦਿੱਤੇ ਜਾਣਗੇ। ਹਸਪਤਾਲ ਦੇ ਬਾਹਰੋਂ ਖਾਣਾ ਲਿਆਇਆ ਜਾ ਸਕਦਾ ਹੈ, ਪਰ ਕਿਰਪਾ ਕਰਕੇ ਇਹ ਯਕੀਨੀ ਕਰੋ ਕਿ ਇਹ ਧਿਆਨਪੂਰਵਕ ਭੰਡਾਰ ਕੀਤਾ ਹੋਇਆ ਹੈ ਅਤੇ ਤੁਹਾਡੇ ਬਿਸਤਰੇ 'ਤੇ ਬਿਨਾਂ ਢਕੇ ਨਹੀਂ ਛੱਡਿਆ ਗਿਆ ਹੈ।

ਤੁਹਾਨੂੰ ਨਾਸ਼ਤੇ, ਦੁਪਹਿਰ ਦੇ ਖਾਣੇ ਅਤੇ ਰਾਤ ਦੇ ਖਾਣੇ ਸਮੇਂ ਭੋਜਨ ਪਰੋਸਿਆ ਜਾਵੇਗਾ। ਰਿਫਰੈਸ਼ਮੈਂਟ ਅਤੇ ਸਨੈਕਸ ਵੀ ਦਿਨ ਭਰ ਉਪਲਬਧ ਹੁੰਦੇ ਹਨ - ਕਿਰਪਾ ਕਰਕੇ ਉਪਲਬਧ ਵਿਕਲਪਾਂ ਲਈ ਸਨੈਕ ਮੀਨੂੰ ਵੇਖੋ।

ਤੁਹਾਡੀ ਸਿਹਤਯਾਬੀ ਲਈ ਚੰਗਾ ਪੋਸ਼ਣ ਮਹੱਤਵਪੂਰਣ ਹੈ, ਇਸ ਲਈ ਜੇ ਤੁਹਾਨੂੰ ਕੋਈ ਸਮੱਸਿਆਵਾਂ ਹੋਣ ਤਾਂ ਕਿਰਪਾ ਕਰਕੇ ਸਟਾਫ ਨੂੰ ਦੱਸੋ। ਤੁਹਾਡੇ ਸੇਵਨ ਨੂੰ ਭੋਜਨ ਰਿਕਾਰਡ ਦੇ ਚਾਰਟਾਂ 'ਤੇ ਦਰਜ ਕੀਤਾ ਜਾ ਸਕਦਾ ਹੈ, ਤੁਹਾਨੂੰ /ਦੇਖਭਾਲਕਰਤਾਵਾਂ ਅਤੇ ਰਿਸ਼ਤੇਦਾਰ ਨੂੰ ਇਸ ਵਿੱਚ ਸਹਾਇਤਾ ਦੇ ਤਰੀਕੇ ਬਾਰੇ ਦਿਖਾਇਆ ਜਾ ਸਕਦਾ ਹੈ।

## ਉਹ ਚੀਜ਼ਾਂ ਜੋ ਤੁਹਾਨੂੰ ਆਪਣੇ ਕੋਲ ਰੱਖਣ ਦੀ ਲੋੜ ਹੋ ਸਕਦੀ ਹੈ:

- ਪਜਾਮੇ ਜਾਂ ਰਾਤ ਦੇ ਕੱਪੜੇ
- ਗਲਾਸ
- ਡੇਨਚਰਜ਼
- ਟਾਇਲਟਰੀਜ਼
- ਰੇਜ਼ਰ
- ਬੁਰਸ਼ ਜਾਂ ਕੰਘੀ
- ਟੂਥਬਰੱਸ਼ ਅਤੇ ਟੂਥਪੇਸਟ
- ਮੋਬਾਈਲ ਫੋਨ
- ਘੜੀ
- ਘਰ ਦੀਆਂ ਚਾਬੀਆਂ
- ਖੁੱਲ੍ਹੇ ਪੈਸੇ
- ਜੁਰਾਬਾਂ
- ਚੱਪਲਾਂ

### ਮਹੱਤਵਪੂਰਣ

ਜੇ ਤੁਸੀਂ ਹਸਪਤਾਲ ਵਿੱਚ ਕੋਈ ਵੀ ਦਵਾਈ ਲੈ ਕੇ ਆਏ ਹੋ ਤਾਂ ਕਿਰਪਾ ਕਰਕੇ ਇਸਨੂੰ ਆਪਣੇ ਨਜ਼ਦੀਕੀ ਰਿਸ਼ਤੇਦਾਰਾਂ ਦੇ ਸੰਪਰਕ ਨੰਬਰਾਂ ਨਾਲ ਆਪਣੀ ਨਰਸ ਨੂੰ ਦਿਓ।

## ਮੁਫਤ ਵਾਈ-ਫਾਈ

ਅਸੀਂ ਹੁਣ ਵਾਈ-ਫਾਈ ਸਪਾਰਕ (WiFi SPARK) ਰਾਹੀਂ ਆਪਣੇ ਮਰੀਜ਼ਾਂ ਲਈ ਵਾਈ-ਫਾਈ ਮੁਹੱਈਆ ਕਰਦੇ ਹਾਂ।

'**NHS WiFi**' ਨਾਲ ਕਨੈਕਟ ਕਰੋ - ਕਿਸੇ ਪਾਸਵਰਡ ਦੀ ਲੋੜ ਨਹੀਂ ਹੈ।

ਤੁਹਾਨੂੰ ਹਰ 24 ਘੰਟਿਆਂ ਬਾਅਦ ਦੁਬਾਰਾ ਰਜਿਸਟਰ ਕਰਨਾ ਪਏਗਾ।

ਵਧੇਰੇ ਜਾਣਕਾਰੀ ਲਈ ਵੇਖੋ:

**www.leicestershospitals.nhs.uk/ patients/free-wi-fi-access-for-patients/**
**ਜਾਂ 0344 848 9555 'ਤੇ ਫੋਨ ਕਰੋ**

## ਹਸਪਤਾਲ ਵਿੱਚ ਫੋਟੋਆਂ ਲੈਣਾ

ਤੁਹਾਨੂੰ ਪਹਿਲਾਂ ਸਹਿਮਤੀ ਲਏ ਬਗੈਰ ਸਟਾਫ, ਹੋਰ ਮਰੀਜ਼ਾਂ ਅਤੇ ਉਨ੍ਹਾਂ ਦੇ ਮੁਲਾਕਾਤੀਆਂ ਦੀਆਂ ਫੋਟੋਆਂ ਜਾਂ ਵੀਡੀਓ ਲੈਣ ਦੀ ਆਗਿਆ ਨਹੀਂ ਹੈ।

## ਵਰਦੀਆਂ

ਤੁਹਾਡੀ ਦੇਖਭਾਲ ਵਿੱਚ ਨਿਯਮਤ ਤੌਰ 'ਤੇ ਸ਼ਾਮਲ ਹੋਣ ਵਾਲੇ ਸਟਾਫ ਦੁਆਰਾ ਪਹਿਨਣ ਲਈ ਵਰਦੀਆਂ ਹੁੰਦੀਆਂ ਹਨ, ਜੇ ਤੁਸੀਂ ਕੋਈ ਵਰਦੀ ਵੇਖਦੇ ਹੋ ਜਿਸ ਨੂੰ ਤੁਸੀਂ ਪਛਾਣਦੇ ਨਹੀਂ ਹੋ, ਤਾਂ ਕਿਰਪਾ ਕਰਕੇ ਉਸ ਵਿਅਕਤੀ ਨੂੰ ਉਨ੍ਹਾਂ ਦੀ ਭੂਮਿਕਾ ਬਾਰੇ ਪੁੱਛੋ।




## ਡਾਕਟਰਾਂ ਦੇ ਲੈਨਯਾਰਡਜ਼

ਮਰੀਜ਼ ਦੇਖਭਾਲ ਪ੍ਰਦਾਨ ਕਰਨ ਵਾਲੇ ਡਾਕਟਰਾਂ ਦੇ ਵੱਖੋ ਵੱਖਰੇ ਪੱਧਰਾਂ ਦੀ ਪਛਾਣ ਕਰਨ ਵਿੱਚ ਮਰੀਜ਼ਾਂ ਅਤੇ ਸਹਿਕਰਮੀਆਂ ਦੀ ਸਹਾਇਤਾ ਲਈ, ਸਾਡੇ ਡਾਕਟਰ ਰੰਗ-ਕੋਡਿਡ ਆਈ.ਡੀ. ਬੈਜ ਅਤੇ ਲੈਣਯਾਰਡਜ਼ ਪਹਿਣਦੇ ਹਨ






## ਨਿੱਜੀ ਸੁਰੱਖਿਆ ਉਪਕਰਣ (PPE)

ਤੁਹਾਡੇ ਖੇਤਰ ਦਾ ਸਟਾਫ ਤੁਹਾਡੀ ਦੇਖਭਾਲ ਕਰਨ ਵੇਲੇ PPE ਪਹਿਨੇਗਾ।

ਇਹ ਉਪਕਰਣ ਮਰੀਜ਼ਾਂ, ਮੁਲਾਕਾਤੀਆਂ ਅਤੇ ਸਟਾਫ ਦੀ ਰੱਖਿਆ ਕਰਨ ਵਿੱਚ ਸਾਡੀ ਸਹਾਇਤਾ ਕਰਦਾ ਹੈ।



ਤੁਹਾਡੀ ਠਹਿਰ

# ਹੈਲੋ ਮੇਰਾ ਨਾਮ ਹੈ...

ਸਭ ਤੋਂ ਵਧੀਆ ਦੇਖਭਾਲ

NHS
ਲੀਸੇਸਟਰ ਦੇ ਯੂਨੀਵਰਸਿਟੀ ਹਸਪਤਾਲ
NHS ਟਰੱਸਟ

# ਸਵੈ ਦੇਖਭਾਲ

## ਲਾਗ ਦੀ ਰੋਕਥਾਮ

### ਕਿਰਪਾ ਕਰਕੇ ਆਪਣੇ ਹੱਥ ਸਾਫ ਕਰੋ



ਤੁਹਾਨੂੰ ਲਾਗ ਲੱਗਣ ਦੇ ਜੋਖਮ ਨੂੰ ਘਟਾਉਣ ਲਈ ਤੁਹਾਨੂੰ ਰੋਜ਼ਾਨਾ ਇਸਤੇਮਾਲ ਕਰਨ ਲਈ ਸਟੇਲੀਸੈਪਟ ਨਾਮਕ ਇੱਕ ਐਂਟੀਬੈਕਟੀਰੀਅਲ ਸਾਬਣ ਦਿੱਤਾ ਗਿਆ ਹੈ।

ਤੁਹਾਨੂੰ ਬੈਕਟ੍ਰੋਬਨ ਨਾਮਕ ਇੱਕ ਐਂਟੀਬੈਕਟੀਰੀਅਲ ਕ੍ਰੀਮ ਵੀ ਦਿੱਤੀ ਜਾ ਸਕਦੀ ਹੈ, ਕਿਰਪਾ ਕਰਕੇ ਇਸ ਨੂੰ ਦਿਨ ਵਿੱਚ ਤਿੰਨ ਵਾਰ ਵਰਤੋਂ।

ਆਪਣੇ ਆਪ ਨੂੰ ਬਚਾਉਣ ਲਈ ਕਿਰਪਾ ਕਰਕੇ ਖਾਣ ਤੋਂ ਪਹਿਲਾਂ ਅਤੇ ਟਾਇਲਟ ਦੀ ਵਰਤੋਂ ਕਰਨ ਤੋਂ ਬਾਅਦ ਆਪਣੇ ਹੱਥਾਂ ਨੂੰ ਸਾਫ ਕਰੋ।

## ਪ੍ਰੈਸ਼ਰ ਅਲਸਰ (ਬੈਡ ਜ਼ਖਮ)

ਕਿਸੇ ਵੀ ਵਿਅਕਤੀ ਨੂੰ, ਕਿਸੇ ਵੀ ਉਮਰ ਵਿੱਚ, ਪ੍ਰੈਸ਼ਰ ਅਲਸਰ ਹੋ ਸਕਦਾ ਹੈ ਜੇ ਉਹ ਬਹੁਤ ਜ਼ਿਆਦਾ ਬਿਮਾਰ ਹੋ ਜਾਂਦਾ ਹੈ ਅਤੇ ਸਹੀ ਢੰਗ ਨਾਲ ਹਿਲਜੁੱਲ ਨਹੀਂ ਕਰ ਸਕਦਾ।

ਜਦੋਂ ਤੁਸੀਂ ਦਾਖਲ ਹੁੰਦੇ ਹੋ, ਨਰਸਿੰਗ ਸਟਾਫ ਤੁਹਾਡੇ ਪ੍ਰੈਸ਼ਰ ਖੇਤਰਾਂ ਨੂੰ ਨੇੜਿਓ ਵੇਖਣ ਲਈ ਕਹੇਗਾ। ਕਿਸੇ ਖਾਸ ਉਪਕਰਣ ਜਾਂ ਵਧੀ ਨਰਸਿੰਗ ਦੇਖਭਾਲ ਜਿਸਦੀ ਤੁਹਾਨੂੰ ਲੋੜ ਹੋ ਸਕਦੀ ਹੈ, ਬਾਰੇ ਸਟਾਫ ਨੂੰ ਦੱਸਣ ਲਈ ਜੋਖਮ ਮੁਲਾਂਕਣ ਪੂਰਾ ਕੀਤਾ ਜਾਂਦਾ ਹੈ। ਹਿਲਜੁੱਲ ਦੀ ਕੋਸ਼ਿਸ਼ ਕਰੋ ਅਤੇ ਹਿਲਜੁੱਲ ਕਰਦੇ ਰਹੋ ਅਤੇ ਘੱਟੋ ਘੱਟ ਹਰ ਦੋ ਘੰਟਿਆ ਬਾਅਦ ਆਪਣੀ ਸਥਿਤੀ ਬਦਲੋ।

ਇਹ ਮਹੱਤਵਪੂਰਣ ਹੁੰਦਾ ਹੈ ਕਿ ਤੁਸੀਂ ਬਿਸਤਰੇ ਤੋਂ ਬਾਹਰ ਆਉਂਦੇ ਹੋ ਅਤੇ ਜਿੰਨੀ ਜਲਦੀ ਸੰਭਵ ਹੋ ਸਕੇ ਤੇਜ਼ੀ ਨਾਲ ਠੀਕ ਹੋਣ ਲਈ ਹਿਲਜੁੱਲ ਕਰਦੇ ਹੋ।

## ਖ਼ੂਨ ਦੇ ਗਤਲੇ

ਹਸਪਤਾਲ ਵਿੱਚ ਰਹਿਣਾ ਤੁਹਾਡੇ ਲੱਤਾਂ ਜਾਂ ਫੇਫੜਿਆਂ ਵਿੱਚ ਖ਼ੂਨ ਦੇ ਗਤਲੇ ਬਣਨ ਦੇ ਜੋਖਮ ਨੂੰ ਵਧਾ ਸਕਦਾ ਹੈ। ਹਾਲਾਂਕਿ ਆਮ ਨਹੀਂ ਹੈ, ਪਰ ਇਹ ਗੰਭੀਰ ਹੋ ਸਕਦੇ ਹਨ। ਵਾਰਡ ਦੇ ਆਲੇ-ਦੁਆਲੇ ਤੁਰ ਕੇ ਲੱਤਾਂ ਨੂੰ ਚੱਲਦੇ ਰੱਖਣਾ, ਜਾਂ ਨਰਮੀ ਨਾਲ ਆਪਣੇ ਗਿੱਟੇਆਂ ਦੀ ਕਸਰਤ ਕਰਨਾ ਜੋਖਮ ਨੂੰ ਘਟਾ ਸਕਦਾ ਹੈ। ਜੇ ਤੁਸੀਂ ਤਰਲ ਦੀ ਪਾਬੰਦੀ 'ਤੇ ਨਹੀਂ ਹੋ, ਤਾਂ ਬਹੁਤ ਸਾਰਾ ਪਾਣੀ ਪੀਣਾ ਵੀ ਸਹਾਇਤਾ ਕਰੇਗਾ। ਕੁਝ ਮਰੀਜ਼ਾਂ ਲਈ, ਤੁਹਾਡੇ ਘਰ ਵਿੱਚ ਸਿਹਤਯਾਬ ਹੋਣ ਦੌਰਾਨ ਵੀ ਜੋਖਮ ਰਹੇਗਾ, ਇਸ ਲਈ ਹਸਪਤਾਲ ਛੱਡਣ ਤੋਂ ਪਹਿਲਾਂ ਆਪਣੀ ਨਰਸ ਨੂੰ *ਖ਼ੂਨ ਦੇ ਗਤਲੇ ਬਣਨ ਦੀ ਜਾਣਕਾਰੀ ਵਾਲੇ ਪਰਚੇ* ਬਾਰੇ ਪੁੱਛੋ।

92013131

# ਯਾਤਰਾ ਦੀ ਜਾਣਕਾਰੀ

### ਕਾਰ ਪਾਰਕਿੰਗ ਅਤੇ ਯਾਤਰਾ

ਸਾਡਾ ਉਦੇਸ਼ ਇਹ ਯਕੀਨੀ ਕਰਨਾ ਹੈ ਕਿ ਉਨ੍ਹਾਂ ਲਈ ਕਾਰ ਪਾਰਕਿੰਗ ਵਾਲੀਆਂ ਥਾਂਵਾਂ ਉਪਲਬਧ ਹੁੰਦੀਆਂ ਹਨ ਜਿਨ੍ਹਾਂ ਨੂੰ ਅਸਲ ਵਿੱਚ ਉਨ੍ਹਾਂ ਦੀ ਵਰਤੋਂ ਕਰਨ ਦੀ ਲੋੜ ਹੈ। ਜਿੱਥੇ ਸੰਭਵ ਹੋਵੇ ਅਸੀਂ ਵਿਕਲਪਾਂ ਦੀ ਵਰਤੋਂ ਨੂੰ ਉਤਸ਼ਾਹਤ ਕਰਦੇ ਹਾਂ।

ਮਰੀਜ਼ਾਂ ਅਤੇ ਮੁਲਾਕਾਤੀਆਂ ਲਈ ਸਾਡੇ ਹਰੇਕ ਹਸਪਤਾਲ ਵਿੱਚ ਆਨ ਸਾਈਟ ਕਾਰ ਪਾਰਕਜ਼ ਹਨ ਜਿਸ ਲਈ ਫੀਸ ਲਾਗੂ ਹੁੰਦੀ ਹੈ।

ਸਮਾਜਿਕ ਸੁਰੱਖਿਆ ਵਿਭਾਗ ਦੁਆਰਾ ਪਰਿਭਾਸ਼ਿਤ ਅਨੁਸਾਰ, ਕੁਝ ਯੋਗ ਲਾਭ, ਕੁਝ ਮਰੀਜ਼ਾਂ ਨੂੰ ਮੁਫਤ ਜਾਂ ਘੱਟ ਪਾਰਕਿੰਗ ਦੀ ਵਰਤੋਂ ਕਰਨ ਦੀ ਆਗਿਆ ਦਿੰਦੇ ਹਨ (ਵਧੇਰੇ ਜਾਣਕਾਰੀ ਲਈ ਕੈਸ਼ੀਅਰ ਦਫਤਰ ਨਾਲ ਸੰਪਰਕ ਕਰੋ)। ਲੀਸੇਸਟਰ ਰਾਇਲ ਇਨਫਰਮਰੀ ਵਿਖੇ ਜਨਤਕ ਕਾਰ ਪਾਰਕਾਂ ਦੇ ਬਾਹਰ ਅਪਾਹਜਾਂ ਲਈ ਮੁਫਤ ਨਿਸ਼ਾਨਬੱਧ ਬੇਅਜ਼ ਉਪਲਬਧ ਹਨ।

ਗਲੇਨਫੀਲਡ ਹਸਪਤਾਲ ਅਤੇ ਲੀਸੇਸਟਰ ਜਨਰਲ ਹਸਪਤਾਲ ਵਿੱਚ ਜੇ ਅਪਾਹਜਾਂ ਲਈ ਮੁਫਤ ਕਾਰ ਪਾਰਕ ਭਰਿਆ ਹੋਇਆ ਹੈ ਤਾਂ ਨੀਲੇ ਬੈਜ ਧਾਰਕ ਕਿਸੇ ਵੀ ਜਨਤਕ ਕਾਰ ਪਾਰਕ ਵਿੱਚ ਮੁਫਤ ਪਾਰਕ ਕਰ ਸਕਦੇ ਹਨ (ਜਦੋਂ ਤੱਕ ਉਹ ਆਪਣਾ ਨੀਲਾ ਬੈਜ ਦਿਖਾਉਂਦੇ ਹਨ)।

ਡਰੌਪ-ਆਫ ਪੁਆਇੰਟਜ਼ ਮੁੱਖ ਪ੍ਰਵੇਸ਼ ਦੁਆਰ ਦੇ ਨੇੜੇ ਹਨ. ਮਰੀਜ਼ਾਂ ਅਤੇ ਪ੍ਰਮੁੱਖ ਦੇਖਭਾਲਕਰਤਾਵਾਂ ਲਈ ਕਈ ਸੀਜ਼ਨ ਟਿਕਟਾਂ ਉਪਲਬਧ ਹਨ।

### ਹਸਪਤਾਲ ਹਾੱਪਰ

ਸਾਡੀ ਹਸਪਤਾਲ ਦੀ ਸ਼ਟਲ ਬੱਸ (ਹਾੱਪਰ) ਹਰ 30 ਮਿੰਟਾਂ 'ਤੇ ਚਲਦੀ ਹੈ ਅਤੇ ਗਲੇਨਫੀਲਡ ਹਸਪਤਾਲ, ਜਨਰਲ ਹਸਪਤਾਲ ਅਤੇ ਰਾਇਲ ਇਨਫਰਮਰੀ ਨੂੰ ਬੀਯੂਮੌਂਟ ਲੇਜ਼ ਸੈਂਟਰ, ਹੈਮਿਲਟਨ ਸੈਂਟਰ ਅਤੇ ਰੇਲਵੇ ਸਟੇਸ਼ਨ (ਰਸਤੇ ਵਿੱਚ ਸੀਮਤ ਸਟਾਪਾਂ ਨਾਲ) ਨਾਲ ਜੋੜਦੀ ਹੈ। ਰਾਸ਼ਟਰੀ ਪੱਧਰ 'ਤੇ ਮਾਨਤਾ ਪ੍ਰਾਪਤ ਸਾਰੀਆਂ ਰਿਆਇਤਾਂ ਬੱਸ 'ਤੇ ਅਨੁਮਤ ਹਨ।

### ਵਧੇਰੇ ਜਾਣਕਾਰੀ ਲਈ:

ਕਿਰਪਾ ਕਰਕੇ ***ਕਾਰ ਪਾਰਕ ਜਾਣਕਾਰੀ ਪਰਚੇ*** ਲਈ ਵਾਰਡ ਸਟਾਫ ਨੂੰ ਪੁੱਛੋ ਜਾਂ ਵੇਖੋ:

www.leicestershospitals.nhs.uk/patients/getting-to-hospital/

ਹੋਰ ਬੱਸ ਰੂਟਾਂ ਅਤੇ ਸਮਿਆਂ ਬਾਰੇ ਜਾਣਕਾਰੀ ਲਈ 0871 200 2233 'ਤੇ ਟ੍ਰੈਵਲਾਈਨ ਨਾਲ ਸੰਪਰਕ ਕਰੋ

# ਚੈਪਲੈਂਸੀ



ਕਿਸੇ ਵੀ ਕਿਸਮ ਦੀ ਜਾਂਚ ਜਾਂ ਇਲਾਜ ਲਈ ਹਸਪਤਾਲ ਆਉਣਾ ਹਰ ਤਰਾਂ ਦੇ ਸਵਾਲਾਂ, ਚਿੰਤਾਵਾਂ ਅਤੇ ਡਰ ਪੈਦਾ ਕਰ ਸਕਦਾ ਹੈ। ਕਈ ਵਾਰ ਕਿਸੇ ਅਜਿਹੇ ਵਿਅਕਤੀ ਨਾਲ ਗੱਲ ਕਰਨਾ ਮਦਦਗਾਰ ਹੋ ਸਕਦਾ ਹੈ ਜੋ ਤੁਹਾਡੀ ਦੇਖਭਾਲ ਵਿੱਚ ਸਿੱਧੇ ਤੌਰ 'ਤੇ ਸ਼ਾਮਲ ਨਹੀਂ ਹੁੰਦਾ ਹੈ।

ਸਾਡੇ ਚੈਪਲਿਨ ਤੁਹਾਨੂੰ ਅਤੇ ਤੁਹਾਡੇ ਰਿਸ਼ਤੇਦਾਰਾਂ ਨੂੰ ਸਹਾਇਤਾ ਪੇਸ਼ ਕਰਨ ਲਈ ਉਪਲਬਧ ਹਨ।

ਸਾਡੀ ਟੀਮ ਵਿੱਚ ਈਸਾਈ, ਹਿੰਦੂ, ਮੁਸਲਿਮ, ਸਿੱਖ ਅਤੇ ਗੈਰ-ਧਾਰਮਿਕ ਚੈਪਲਿਨ ਸ਼ਾਮਲ ਹਨ। ਇੱਥੇ ਵੱਖ-ਵੱਖ ਧਰਮਾਂ ਅਤੇ ਵਿਸ਼ਵਾਸਾਂ ਦੇ ਵਲੰਟੀਅਰ ਵੀ ਹਨ।

### ਚੈਪਲ ਅਤੇ ਪ੍ਰਾਰਥਨਾ ਲਈ ਕਮਰੇ

ਅਰਦਾਸ ਜਾਂ ਸ਼ਾਂਤ ਚਿੰਤਨ ਲਈ ਜਗ੍ਹਾ ਮੁਹੱਈਆ ਕਰਨ ਲਈ ਸਾਰੇ ਤਿੰਨ ਹਸਪਤਾਲਾਂ ਵਿੱਚ ਚੈਪਲ ਅਤੇ ਅਰਦਾਸ ਕਮਰੇ ਹਨ। ਸਥਾਨ ਅਤੇ ਅਰਦਾਸਾਂ ਦੇ ਸਮੇਂ ਅਤੇ ਸੇਵਾਵਾਂ ਪੂਰੇ ਹਸਪਤਾਲਾਂ ਵਿੱਚ ਦਿਖਾਈਆਂ ਗਈਆਂ ਹਨ।

ਜੇ ਤੁਸੀਂ ਅਰਦਾਸ ਸੇਵਾ ਵਿੱਚ ਸ਼ਾਮਲ ਹੋਣਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਕਿਸੇ ਚੈਪਲੇਂਸੀ ਟੀਮ ਨਾਲ ਗੱਲ ਕਰੋ ਜੋ ਢੁੱਕਵੀਂ ਸਹਾਇਤਾ ਪ੍ਰਦਾਨ ਕਰੇਗੀ।

### ਮੁਲਾਕਾਤ ਦੀ ਬੇਨਤੀ ਕਰਨਾ

ਚੈਪਲੇਂਸੀ ਟੀਮ ਨਿਯਮਿਤ ਤੌਰ 'ਤੇ ਵਾਰਡਾਂ ਦਾ ਦੌਰਾ ਕਰਦੀ ਹੈ ਅਤੇ ਨਰਸਿੰਗ ਸਟਾਫ ਵੀ ਕਿਸੇ ਚੈਪਲਿਨ ਦੇ ਦੌਰਾ ਲਈ ਬੇਨਤੀਆਂ ਅੱਗੇ ਭੇਜੇਗੀ। ਗੈਰ-ਜ਼ਰੂਰੀ ਸੰਦੇਸ਼ਾਂ ਨੂੰ ਵੀ ਚੈਪਲੇਂਸੀ ਜਵਾਬ ਫੋਨਾਂ 'ਤੇ ਛੱਡਿਆ ਜਾ ਸਕਦਾ ਹੈ:

ਗਲੇਨਫੀਲਡ ਹਸਪਤਾਲ: (0116) 258 3413

ਜਨਰਲ ਹਸਪਤਾਲ: (0116) 258 4243

ਰਾਇਲ ਇਨਫਰਮਰੀ: (0116) 258 5487

ਜਾਂ ਤੁਸੀਂ ਸਾਨੂੰ ਈਮੇਲ ਕਰ ਸਕਦੇ ਹੋ:

**chaplaincy@uhl-tr.nhs.uk**

ਜੇ ਤੁਸੀਂ ਚਾਹੋ, ਤਾਂ ਟੀਮ ਤੁਹਾਡੇ ਆਪਣੇ ਖੁਦ ਦੇ ਧਾਰਮਿਕ ਜਾਂ ਵਿਸ਼ਵਾਸ਼ ਵਾਲੇ ਭਾਈਚਾਰੇ ਦੇ ਦੌਰੇ ਲਈ ਬੇਨਤੀ ਵੀ ਪਾ ਸਕਦੀ ਹੈ।

# ਧੂੰਆਂ ਮੁਕਤ ਹਸਪਤਾਲ

ਅਸੀਂ ਧੂੰਆਂ ਮੁਕਤ ਹਸਪਤਾਲ ਹਾਂ ਅਤੇ ਇਮਾਰਤਾਂ, ਪ੍ਰਵੇਸ਼ ਦੁਆਰਾਂ ਜਾਂ ਬਗੀਚਿਆਂ ਵਿੱਚ ਤੰਬਾਕੂਨੋਸ਼ੀ ਦੀ ਆਗਿਆ ਨਹੀਂ ਹੈ। ਇਸ ਵਿੱਚ ਈ-ਸਿਗਰੇਟਾਂ ਦੀ ਵਰਤੋਂ ਸ਼ਾਮਲ ਹੈ।



ਤੁਹਾਡੇ ਹਸਪਤਾਲ ਵਿੱਚ ਰਹਿਣ ਦੇ ਦੌਰਾਨ ਤੁਹਾਨੂੰ ਇਸ ਬਾਰੇ ਪੁੱਛਿਆ ਜਾਵੇਗਾ ਕਿ ਕੀ ਤੁਸੀਂ ਤੰਬਾਕੂਨੋਸ਼ੀ ਕਰਦੇ ਹੋ। ਜੇ ਤੁਸੀਂ ਤੰਬਾਕੂਨੋਸ਼ੀ ਕਰਦੇ ਹੋ ਤਾਂ ਤੁਹਾਨੂੰ ਆਪਣੇ ਇਲਾਜ ਦੇ ਦੌਰਾਨ ਜਟਿਲਤਾਵਾਂ ਦਾ ਸਾਹਮਣਾ ਕਰਨ ਦੀ ਸੰਭਾਵਨਾ ਵਧੇਰੇ ਹੁੰਦੀ ਹੈ।

ਵਧੇਰੇ ਵੇਰਵਿਆਂ ਲਈ ਕਿਰਪਾ ਕਰਕੇ 0116 454 4000 'ਤੇ ਲਿਵ ਵੈੱਲ ਸਰਵਿਸ 'ਤੇ ਫੋਨ ਕਰੋ।

# ਸਾਨੂੰ ਦੱਸੋ ਤੁਸੀਂ ਕੀ ਸੋਚਦੇ ਹੋ

ਸਾਡੇ ਸੁਧਾਰ ਵਿੱਚ ਸਹਾਇਤਾ ਲਈ ਕਿਰਪਾ ਕਰਕੇ ਨਿਮਨਲਿਖਿਤ ਰਾਹੀਂ ਸਾਨੂੰ ਕੁਝ ਫੀਡਬੈਕ ਦਿਓ:

- ਮੈਟਰਨ ਕਾਰਡ ਵਿੱਚ ਸੰਦੇਸ਼ ਭਰਨਾ
- ਮਰੀਜ਼ ਅਨੁਭਵ ਫੀਡਬੈਕ ਫਾਰਮ ਭਰਨਾ

ਤੁਸੀਂ ਆਪਣੇ ਰਹਿਣ ਦੌਰਾਨ ਜਿੰਨੀ ਵਾਰ ਚਾਹੋ ਅਜਿਹਾ ਕਰ ਸਕਦੇ ਹੋ ਅਤੇ ਫਾਰਮ ਵਾਰਡ ਤੋਂ ਲਏ ਜਾ ਸਕਦੇ ਹਨ।

ਜੇ ਤੁਹਾਨੂੰ ਕੋਈ ਚਿੰਤਾਵਾਂ ਹਨ ਤਾਂ ਕਿਰਪਾ ਕਰਕੇ ਇੰਚਾਰਜ ਨਰਸ ਨਾਲ ਗੱਲ ਕਰੋ, ਜਾਂ ਤੁਸੀਂ ਸਾਡੀ ਮਰੀਜ਼ ਜਾਣਕਾਰੀ ਅਤੇ ਸੰਪਰਕ ਸੇਵਾ (PILS) ਨਾਲ ਸੰਪਰਕ ਕਰ ਸਕਦੇ ਹੋ।

ਫ੍ਰੀਫੋਨ: 08081 788 337 ਜਾਂ ਵੇਖੋ:
www.leicestershospitals.nhs.u k/PILS




# ਆਪਣੀ 'ਘਰ ਜਾਣ'ਦੀ ਯੋਜਨਾ ਜਾਣੋ

**ਜਦੋਂ ਵੀ ਤੁਸੀਂ ਹਸਪਤਾਲ ਵਿੱਚ ਹੁੰਦੇ ਹੋ, ਤੁਹਾਨੂੰ ਇਨ੍ਹਾਂ ਸਵਾਲਾਂ ਦੇ ਜਵਾਬ ਪਤਾ ਹੋਣੇ ਚਾਹੀਦੇ ਹਨ:**

- ਮੇਰੇ ਨਾਲ ਕੀ ਮਸਲਾ ਹੈ?
- ਮੇਰੇ ਨਾਲ ਅੱਜ ਕੀ ਹੋਣ ਜਾ ਰਿਹਾ ਹੈ?
- ਮੈਨੂੰ ਘਰ ਲਿਜਾਉਣ ਲਈ ਕੀ ਚਾਹੀਦਾ ਹੈ?
- ਮੈਂ ਕਦੋਂ ਘਰ ਜਾਵਾਂਗਾ?

# ਤੁਹਾਡੀ ਹਸਪਤਾਲ ਤੋਂ ਛੁੱਟੀ / ਘਰ ਜਾਣਾ

ਇਹ ਯਕੀਨੀ ਕਰਨਾ ਸਾਡੀ ਪਹਿਲ ਹੈ ਕਿ ਤੁਹਾਨੂੰ ਆਪਣੀ ਸਿਹਤਯਾਬੀ ਨੂੰ ਜਾਰੀ ਰੱਖਣ ਦੇ ਸਮਰੱਥ ਬਣਾਉਣ ਲਈ ਤੁਹਾਨੂੰ ਹਸਪਤਾਲ ਤੋਂ ਸੁਰੱਖਿਅਤ ਢੰਗ ਨਾਲ ਛੁੱਟੀ ਦਿੱਤੀ ਜਾਂਦੀ ਹੈ।

### ਪਹਿਲਾਂ ਠੀਕ ਹੋਣਾ

- ਆਪਣੀ ਆਵਾਜਾਈ ਦਾ ਪ੍ਰਬੰਧ ਕਰੋ ਅਤੇ ਇਹ ਯਕੀਨੀ ਕਰੋ ਕਿ ਤੁਹਾਡੇ ਕੋਲ ਘਰ ਦੀਆਂ ਚਾਬੀਆਂ ਹਨ
- ਇਹ ਯਕੀਨੀ ਕਰੋ ਕਿ ਤੁਹਾਡੇ ਕੋਲ ਘਰ ਜਾਣ ਲਈ ਢੁੱਕਵੇਂ ਕੱਪੜੇ ਹਨ
- ਤੁਹਾਡੇ ਵਾਪਸ ਜਾਣ ਸਮੇਂ ਕਿਸੇ ਨੂੰ ਘਰ ਹੋਣ ਲਈ ਕਹੋ

### ਤੁਹਾਡੀ ਛੁੱਟੀ ਵਾਲੇ ਦਿਨ

- ਤੁਹਾਨੂੰ ਇਹ ਦੱਸਣ ਤੋਂ ਬਾਅਦ ਕਿ ਤੁਸੀਂ ਘਰ ਜਾ ਸਕਦੇ ਹੋ, ਛੁੱਟੀ ਦੇ ਪ੍ਰਬੰਧ ਕਰਨ ਵਿੱਚ ਕੁਝ ਘੰਟੇ ਲੱਗ ਸਕਦੇ ਹਨ
- ਇਹ ਯਕੀਨੀ ਕਰੋ ਕਿ ਤੁਹਾਡੇ ਕੋਲ ਆਪਣੀਆਂ ਦਵਾਈਆਂ ਹਨ ਅਤੇ ਤੁਸੀਂ ਜਾਣਦੇ ਹੋ ਕਿ ਉਨ੍ਹਾਂ ਨੂੰ ਕਿਵੇਂ ਲੈਣਾ ਹੈ
- ਤੁਹਾਨੂੰ ਲੋੜੀਂਦੇ ਕਿਸੇ ਪ੍ਰਮਾਣ ਪੱਤਰਾਂ ਬਾਰੇ ਪੁੱਛੋ
- ਦੇਖੋ ਕਿ ਕੀ ਤੁਹਾਨੂੰ ਫਾਲੋ ਅਪ ਮੁਲਾਕਾਤ, ਵਧੇਰੇ ਜਾਂਚਾਂ ਜਾਂ ਕਿਸੇ ਜੀ.ਪੀ. (GP) ਮੁਲਾਕਾਤ ਦੀ ਲੋੜ ਹੈ
- ਜੇ ਤੁਸੀਂ ਆਪਣੀਆਂ ਕੀਮਤੀ ਚੀਜ਼ਾਂ ਨੂੰ ਸਟੋਰ ਕੀਤਾ ਹੈ ਤਾਂ ਉਨ੍ਹਾਂ ਨੂੰ ਵਾਪਸ ਮੰਗੋ
- ਤੁਹਾਨੂੰ ਘਰ ਤੱਕ ਜਾਣ ਲਈ ਆਪਣੀ ਆਵਾਜਾਈ ਦੀ ਉਡੀਕ ਕਰਨ ਲਈ ਡਿਸਚਾਰਜ ਲੌਂਜ 'ਤੇ ਜਾਣ ਲਈ ਕਿਹਾ ਜਾ ਸਕਦਾ ਹੈ

ਜੇ ਤੁਹਾਡੇ ਕੋਲ ਉਹ ਚੀਜ਼ਾਂ ਨਹੀਂ ਹਨ ਜੋ ਘਰ ਜਾਣ ਲਈ ਜ਼ਰੂਰੀ ਹਨ ਤਾਂ ਕਿਰਪਾ ਕਰਕੇ ਸਟਾਫ ਦੇ ਕਿਸੇ ਮੈਂਬਰ ਨਾਲ ਗੱਲ ਕਰੋ। ਪਰਿਵਾਰ ਦਾ ਸਦੱਸ ਜਾਂ ਦੋਸਤ ਪੇਸ਼ੰਟ ਪ੍ਰੋਪਰਟੀ ਡਰੌਪ ਆਫ ਸੇਵਾ ਰਾਹੀਂ ਤੁਹਾਡੇ ਲਈ ਸਾਡੇ ਹਸਪਤਾਲ ਦੇ ਰਿਸੈਪਸ਼ਨਾਂ 'ਤੇ ਚੀਜ਼ਾਂ ਦਾ ਇੱਕੋ ਡਰੌਪ ਆਫ ਪ੍ਰਦਾਨ ਕਰਨ ਵਿੱਚ ਤੁਹਾਡੀ ਸਹਾਇਤਾ ਕਰ ਸਕਦਾ ਹੈ।